ਫਲ ਪ੍ਰਦਾਤਾ



ਗੁਰਮਤ ਟ੍ਰੈਕਟ ਸੋਸਾਇਟੀ ਲਾਹੌਰ ॥

੧ ਓ ਸਤਿਗੁਰ ਪ੍ਰਸਾਦਿ ॥

ਟ੍ਰੈਕਟ ਨੰਬ੍ਰ ੩੯ ਜਨਵਰੀ ੧੯੨੯

ਫਲ ਪ੍ਰਦਾਤਾ

ਲੇਖਕ
ਗ੍ਯਾਨੀ ਕਰਤਾਰਸਿੰਘ ਜੀ "ਹਿਤਕਾਰੀ"
ਐਡੀਟਰ
"'ਰਣਜੀਤ ਨਗਾਰਾ'' ਲਾਹੌਰ

ਜਿਸਨੂੰ
ਗੁਰਮਤ ਟ੍ਰੈਕਟ ਸੋਸਾਇਟੀ
ਲਾਹੌਰ ਨੇ
ਪ੍ਰਕਾਸ਼ਿਤ ਕੀਤਾ

ਮਰਕਨਟਾਈਲ ਪ੍ਰੈਸ ਲਾਹੌਰ ਵਿੱਚ ਬਾਬੂ ਗੋਪਾਲਦਾਸ
ਮੈਨੇਜਰ ਦੇ ਅਧਿਕਾਰ ਨਾਲ ਛਪਵਾਇਆ।

ਮੋਖ =) ਸਾਲਾਨਾ ਚੰਦਾ ੧॥)

ਗੁਰਮਤਟ੍ਰੈਕਟ ਸੋਸਾਇਟੀ ਲਾਹੌਰ ਦੇ

ਸੇਵਕਾਂ ਵੱਲੋਂ

ਸ੍ਰੀ ਗੁਰੂ ਕਲਗੀਧਰ ਜੀ ਮਹਾਰਾਜ ਦੇ

ਪਵਿਤ੍ਰ ਜਨਮ ਉਤਸਵ

ਦੀ

ਖੁਸ਼ੀ ਵਿੱਚ

ਸਮੂਹ ਖ਼ਾਲਸਾ ਜੀ ਨੂੰ ਸਹਿਤਾਦਰ

ਵਧਾਈ! ਵਧਾਈ!! ਵਧਾਈ!!!

ਪ੍ਰਵਾਨ ਹੋਵੇ!

ਮੇਰਾ, ਉਪਨਾਮ

ਮੇਰਾ ਉਪਨਾਮ "ਪੀਯੂਖ" ਮੁਸ਼ਕਲ ਹੋਣ ਦੇ ਕਾਰਨ ਹਰਇਕ ਸੱਜਣ ਨਹੀਂ ਸੀ ਸਮਝ ਸਕਦਾ ਇਸਲਈ ਮੈਂ ਆਪਣਾਂ ਉਂਪਨਾਮ ਬਦਲ ਕੇ "ਹਿਤਕਾਰੀ" ਰੱਖ ਲਿਆ ਹੈ, ਸੱਜਣ ਜਨ ਨੋਟ ਕਰ ਲੈਣ।

ਪ੍ਰਾਰਥਿਕ

ਗਯਾਨੀ ਕਰਤਾਰਸਿੰਘ "ਹਿਤਕਾਰੀ"

ਐਡੀਟਰ-"ਰਣਜੀਤ ਨਗਾਰਾ"

ਲਾਹੌਰ.

੧ ਓ ਸਤਿਗੁਰੁ ਪ੍ਰਸਾਦਿ ॥

ਫਲ ਪ੍ਰਦਾਤਾ

(੧)

ਪਹਿਲੀ ਰਾਤ ਦਾ ਇੱਕ ਪਹਿਰ ਬੀਤ ਚੁੱਕਾ ਹੈ, ਇਸ ਵੇਲੇ ਚੁੱਪ ਦਾ ਰਾਜ ਹੈ, ਸੰਸਾਰੀ ਜੀਵਾਂ ਨੂੰ ਨੀਂਦ੍ ਰਾਣੀ ਨੇਂ ਆਪਨੀ ਮਿੱਠੀ ਤੇ ਪਿਆਰੀ ਗੋਦ ਵਿੱਚ ਥਾਪੜ ਕੇ ਸੁਆ ਲਿਆ ਹੈ ਜੇ ਇਸ ਵੇਲੇ ਕੋਈ ਜਾਗਦਾ ਭੀ ਹੈ ਤਾਂ ਉਸਨੂੰ ਸਿਆਲੇ ਦੀ ਰੁਤ ਨਿੱਘੀ ਬੁੱਕਲ ਵਿਚੋਂ ਬਾਹਰ ਨਹੀਂ ਨਿਕਲਨ ਦੇਂਦੀ, ਹੱਥਾਂ ਪੈਰਾਂ ਨੂੰ ਸੁੰਨ ਕਰਨ ਵਾਲੀ ਠੰਡੀ ਪੌਣ ਕੋਲੋਂ ਬਚਨ ਵਾਸਤੇ ਸਭ ਲੋਕਾਂ ਨੇਂ ਆਪੋ ਆਪਣੇ ਬੂਹੇ ਬੰਦ ਕਰਕੇ ਹੋਰ ਭੀ ਚੁੱਪ ਵਰਤਾ ਦਿੱਤੀ ਹੈ,

ਇਸ ਵੇਲੇ ਇੱਕ ਇਸਤ੍ਰੀ, ਪਤੀ ਦੀ ਉਡੀਕ ਵਿੱਚ ਬੈਠੀ ਹੋਈ ਡੂੰਘੀਆਂ ਸੋਚਾਂ ਵਿੱਚ ਲੀਨ ਹੈ, ਪਤਾ ਨਹੀਂ ਜੀਅ ਵਿੱਚ ਕੀ ਵਰਤ ਰਹੀ ਹੈ? ਕੁਝ ਚਿਰ ਪਿੱਛੋਂ ਲੰਮਾਂ ਜਿਹਾ ਸ੍ਵਾਸ ਲੈ ਕੇ ਫੇਰ ਓਸੇ ਵਹਿਣ ਵਿੱਚ ਪੈ ਜਾਂਦੀ ਹੈ, ਇਸ ਦਸ਼ਾ ਤੋਂ ਪ੍ਰਤੀਤ ਹੁੰਦਾ ਹੈ ਕਿ ਏਹ ਵਿਚਾਰੀ ਕਿਸੇ ਡਾਢੇ ਫ਼ਿਕਰ ਵਿੱਚ ਦੁਖੀ ਹੈ, ਏਨੇ ਚਿਰ ਨੂੰ ਬਾਹਰਲਾ ਬੂਹਾ ਖੜਕ ਪਿਆ, ਏਹ ਇਸਤ੍ਰੀ ਉੱਠ ਕੇ ਬੂਹੇ ਕੋਲ ਚਲੀ ਗਈ, ਪੁੱਛ ਕੀਤੀ ਕਿ ਆਪ ਕੌਣ ਹੋ? ਜਦੋਂ ਬਾਹਰ

ਖਲੋਤੇ ਹੋਏ ਆਦਮੀ ਨੇਂ ਬੂਹਾ ਖੋਹਲਨ ਵਾਸਤੇ ਆਖਿਆ ਤਾਂ ਉਸਦੀ ਆਵਾਜ਼ ਤੋਂ ਇਸ ਇਸਤ੍ਰੀ ਨੇਂ ਮਾਲੂਮ ਕਰ ਲਿਆ ਕਿ ਏਹ ਅਵਾਜ਼ ਪਤੀ ਜੀ ਦੀ ਹੈ । ਇਸਨੇਂ ਝਟ ਪਟ ਬੂਹਾ ਖੋਹਲ ਕੇ ਅੰਦਰ ਲੰਘਾ ਲਿਆ, ਪਤੀ ਨੇਂ ਆਪਣੇ ਹੱਥ ਵਾਲੀ ਗੰਢ ਇੱਕ ਸੰਦੂਕ ਵਿਚ ਰੱਖ ਦਿੱਤੀ, ਅਤੇ ਆਪ ਪਲੰਘ ਉਪਰ ਬੈਠ ਗਿਆ, ਇਸਤ੍ਰੀ ਨੂੰ ਇਸ ਨਿਮੋਝੂਣੀ ਹਾਲਤ ਵਿੱਚ ਵੇਖ ਕੇ ਕਹਿਨ ਲੱਗਾ, ਕਿਉਂ ਅੱਜ ਇਸ ਤਰ੍ਹਾਂ ਉਦਾਸ ਜਿਹਾ ਚੇਹਰਾ ਬਨਾਨ ਦਾ ਕੀ ਕਾਰਨ ਹੈ ?

ਇਸਤ੍ਰੀ–ਪਤੀ ਜੀ ! ਮੈ ਕੀ ਅਰਜ ਕਰਾਂ ? ਅੱਗੇ ਕਈ ਵੇਰੀ ਪ੍ਰਾਰਥਨਾਂ ਕਰ ਚੁਕੀ ਹਾਂ _ਸੀ ਸੁਣ ਕੇ ਅਨਸੁਣੀ ਕਰ ਛੱਡ ਦੇ ਹੋ, ਚੰਗਾ, ਮੇਰਾ ਕੋਈ ਜ਼ੋਰ ਤੇ ਨਹੀਂ ਨਾਂ !

ਪਤੀ–ਜਿਥੋ ਤੱਕ ਮੇਰਾ ਖਿਆਲ ਹੈ ਮੈ ਤੇਰਾ ਕਹਿਣਾਂ ਕਦੀ ਨਹੀ ਮੋੜਿਆ, ਇਸ ਤਰ੍ਹਾਂ ਉਦਾਸ ਹੋਣ ਦੀ ਕੀ ਲੋੜ ਹੈ ? ਤੂੰ ਦੱਸ ਤੈਨੂੰ ਕਿਸ ਚੀਜ਼ ਦੀ ਲੋੜ ਹੈ ? ਮੇਰੇ ਵੱਲੋਂ ਕਦੀ ਨਾਂਹ ਨਹੀਂ ਹੋਵੇਗੀ ।

ਇਸਤ੍ਰੀ–ਸ੍ਵਾਮੀ ਜੀ ! ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ, ਹੁਣ ਤੇ ਪ੍ਰਮਾਤਮਾਂ ਦਾ ਦਿੱਤਾ ਹੋਇਆ ਸਭ ਕੁਛ ਹੈ ਜੇ ਨਾਂ ਭੀ ਹੋਵੇ ਤਾਂ ਭੀ ਮੈ ਪ੍ਰਸੰਨ ਹਾਂ, ਮੈ ਏਹ ਜਾਣਦੀ ਹਾਂ ਕਿ ਮੈ ਜੋ ਚੀਜ਼ ਮੰਗਾਂ ਆਪਨੇਂ ਕਦੀ

ਨਾਂਹ ਨਹੀਂ ਕੀਤੀ ਪਰ ਇੱਕ ਬੇਨਤੀ ਜੋ ਅੱਜ ਮੈਂ ਹੱਥ ਜੋੜ ਕੇ ਤੇ ਗੱਲ ਵਿੱਚ ਪੱਲਾ ਪਾ ਕੇ ਕਰਦੀ ਹਾਂ, ਜੇ ਕਦੀ ਉਹ ਮੰਨ ਲਵੋ ਤਾਂ ਮੇਰੀ ਸਾਰੀ ਚਿੰਤਾ ਸੱਦਾ ਵਾਸਤੇ ਦੂਰ ਹੋ ਸਕਦੀ ਹੈ।

ਪਤੀ–ਤੂੰ ਦੱਸ, ਮੈ ਜ਼ਰੂਰ ਮੰਨ ਲਵਾਂਗਾ ਜੇ ਇੱਕ ਗੱਲ ਮੰਨਣ ਦੇ ਨਾਲ ਤੂੰ ਖੁਸ਼ ਹੋ ਜਾਂਏ ਤਾਂ ਹੋਰ ਕੀ ਚਾਹੀਦਾ ਹੈ ?

ਇਸਤ੍ਰੀ–ਸ੍ਵਾਮੀ ਜੀ ! ਜੇ ਮੰਨ ਲਵੋ ਤਾਂ ਫੇਰ ਮੇਰੇ ਜਿਹਾ ਦੁਨੀਆਂ ਉੱਤੇ ਕੌਣ ਹੈ ?

ਪਤੀ–ਤੂੰ ਦੱਸ, ਮੈਂ ਜ਼ਰੂਰ ਮੰਨਾਂਗਾ

ਇਸਤ੍ਰੀ–ਤੱਕੋ ਨਾਂ, ਸ੍ਵਾਮੀ ਜੀ ! ਸਾਡੇ ਉਤੇ ਸੀ ਗੁਰੂਕਲਗੀ ਧਰ ਜੀ ਦੀ ਬੜੀ ਮੇਹਰ ਹੈ, ਤੁਸੀ ਜਾਨਦੇ ਹੀ ਹੋ ਕਿ ਉਨ੍ਹਾਂ ਨੇਂ ਕਿਸੇ ਚੀਜ਼ ਦੀ ਥੁੜ ਨਹੀਂ ਰਹਿਨ ਦਿੱਤੀ, ਸਾਡੀ ਸਭ ਤਰ੍ਹਾਂ ਨਾਲ ਪ੍ਰਿਤਪਾਲਨਾ ਕਰ ਰਹੇ, ਅਤੇ ਤੁਹਾਨੂੰ ਭੀ ਬੜੇ ਜ਼ਿਮੇਵਾਰੀ ਦੇ ਕੰਮ ਉਤੇ ਲਾਇਆ ਹੋਇਆ ਹੈ, ਫੇਰ ਤੁਸੀ ਇਸ ਤਰ੍ਹਾਂ ਕਿਉਂ ਕਰਦੇ ਹੋ ? ਏਹ ਮਾਯਾ ਸਾਡੇ ਨਾਲ ਨਿਭਣੀ ਹੈ ? ਜਿਦੀ ਖਾਤਰ ਤੁਸ਼ੀ ਧਿਙਾਣੇ ਦਾ ਸਿਰ ਤੇ ਪਾਪ ਚੁੱਕ ਰਹੇ ਹੋ !

ਪਤੀ–(ਗੱਲ ਟੁੱਕ ਕੇ) ਛੱਡ ਗੱਲਾਂ, ਵੱਡੀ ਭਾਰੀ ਗੱਲ

ਕਢੀ ਸੂ, ਮੈਂ ਆਖਿਆ ਖ਼ਬਰੇ ਕੀ ਮਨਾਨਾਂ ਚਾਹੁੰਦੀ ਹੈ ?

ਇਸਤ੍ਰੀ—ਪਤੀ ਜੀ ! ਇਸ ਨੂੰ ਛੋਟੀ ਗੱਲ ਨਾਂ ਸਮਝੋ, ਮੈਂ ਤਾਂ ਦਿਨ ਰਾਤ ਇਸੇ ਝੋਰੇ ਵਿੱਚ ਡੁੱਬੀ ਰਹਿੰਦੀ ਹਾਂ।

ਪਤੀ—ਭੋਲੀਏ ! ਤੈਨੂੰ ਨਹੀ ਪਤਾ, ਇਸ ਮਾਯਾ ਦੀ ਹੀ ਸਾਰੀ ਖੇਡ ਹੈ, ਓਹੀ ਆਦਮੀ ਸੁਖੀ ਹੈ ਜਿਸ ਕੋਲ ਬਹੁਤੀ ਮਾਯਾ ਹੈ ਅੱਜ ਗੁਰੂ ਸਾਹਿਬਾਂ ਦੇ ਕੋਲ ਹਾਂ, ਕਿਸੇ ਗੱਲ ਦੀ ਥੁੜ ਨਹੀਂ ਜੇ ਕੱਲ ਨੂੰ ਕਿਧਰੇ ਹੋਰ ਦੇ ਚਲੇ ਗਏ ਤਾਂ ਫੇਰ ਕੀ ਬਨੇਗਾ ? ਉਸ ਵੇਲੇ ਮਾਯਾ ਕੋਲ ਹੋਵੇਗੀ ਕੰਮ ਆਵੇਗੀ, ਇਸ-ਤ੍ਰੀਆਂ ਨੂੰ ਗੱਲਾਂ ਦਾ ਨਹੀਂ ਪਤਾ ਹੁੰਦਾ, ਤੂੰ ਚੁੱਪ ਰਿਹਾ ਕਰ ਤੇ ਵੇਖੀ ਜਾਇਆ ਕਰ, ਏਹ ਮੇਰਾ ਹੀ ਕੰਮ ਹੈ ਕਿ ਥੋੜ ਚਿਰ ਵਿੱਚ ਏਨੀਂ ਮਾਯਾ ਜੋੜ ਲਈ ਹੈ, ਮਾਯਾ ਤੋਂ ਬਿਨਾਂ ਭੀ ਆਦਮੀ ਕਿਸੇ ਕੰਮ ਦਾ ਹੈ ?

ਇਸਤ੍ਰੀ—ਪਤੀ ਜੀ ! ਜੇਹੜੀ ਮਾਯਾ ਲੋਕ ਪ੍ਰਲੋਕ ਵਿੱਚ ਮੂੰਹ ਕਾਲਾ ਕਰਨ ਦਾ ਕਾਰਨ ਬਨੇਂ ਉਹ ਮਾਯਾ ਭੀ ਕਿਸੇ ਕੰਮ ਹੈ ? ਹਾਂ ਧਰਮ ਦੀ ਕਮਾਈ ਨਾਲ ਭਾਵੇਂ ਜੀਵ ਕਰੋੜਾਂ ਪਤੀ ਹੋ ਜਾਏ ਬੁਰਾ ਨਹੀਂ ਪਰ ਇਸਤਰ੍ਹਾਂ ਪਾਪਾਂ ਨਾਲ ਕੱਠੀ ਕਰਨੀ ਤਾਂ ਚੰਗੀ ਗੱਲ ਨਹੀਂ ਨਾਂ,

ਪਤੀ—ਮੈਂ ਤੱਦੇ ਆਖਦਾ ਹੁੰਦਾਂ ਹਾਂ ਕਿ ਤੂੰ ਬੋਲੀ ਹੈਂ, ਕਮਲੀਏ! ਪ੍ਰਲੋਕ ਨੂੰ ਕੋਈ ਜਾਕੇ ਵੇਖਆਇਆ ? ਏਹ ਐਵੇਂ ਭੂੰਮ ਡਰਾਵੇ ਹੀ ਹਨ, ਤੇ ਜੇਹੜੀ ਤੂੰ ਧਰਮ ਦੀ ਕਮਾਈ ਆਖਦੀ ਹੈ ਉਸ ਤਰ੍ਹਾਂ ਤਾਂ ਬਨਦਾ ਹੀ ਕੁਝ ਨਹੀਂ, ਤੂੰ ਸੋਚਖਾਂ ਅੱਜ. ਮੈਂ ਜੇਹੜੀ ਮਾਯਾ ਆਂਦੀ ਹੈ (ਉੱਠ ਕੇ ਸੰਦੂਕ ਵਿਚੋਂ ਰੱਢ ਕਢ ਲਿਆਇਆ) ਏਨੀਂ ਮਾਯਾ ਧਰਮ ਦੀ ਕਮਾਈ ਨਾਲ ਸਾਰੀ ਉਮਰ ਵਿੱਚ ਨਹੀਂ ਜੁੜ ਸਕਦੀ।

ਇਸਤ੍ਰੀ—ਪਤੀ ਜੀ ! ਏਹ ਸਭ ਕੁਝ ਏਥੇ ਹੀ ਰਹਿ ਜਾਣਾਂ ਹੈ, ਅਗੇ ਤਾਂ ਨਾਲ ਪਾਪ ਪੁੰਨ ਹੀ ਜਾਣੇ ਹਨ, ਤੁਸੀ ਇਸ ਤਰ੍ਹਾਂ ਦੀ ਮਾਯਾ ਨਾਂ ਲਿਆਵਿਆ ਕਰੋ, ਮੈਂ ਗਰੀਬੀ ਵਿੱਚ ਤੇ ਕੰਗਾਲੀ ਵਿੱਚ ਆਨੰਦ ਹਾਂ, ਤੁਸੀ ਯਕੀਨ ਕਰੋ ਮੈਂ ਅੱਜ ਤੋਂ ਤੁਹਾਡੇ ਕੋਲੋਂ ਕਦੀ ਕੋਈ ਚੀਜ਼ ਨਹੀਂ ਮੰਗਾਂਗੀ, ਪਰ ਤੁਸੀ ਇਸ ਤਰ੍ਹਾਂ ਦੀ ਮਾਯਾ ਘਰ ਨਾਂ ਲਿਆਵਿਆ ਕਰੋ ਰੱਬ ਦਾ ਵਾਸਤਾ ਜੇ, ਮੇਰੀ ਇਸ ਬੇਨਤੀ ਨੂੰ ਜ਼ਰੂਰ ਮੰਨਜਾਓ, ਜੇ ਸਾਡੇ ਇਸ ਕਰਮ ਦਾ ਭਾਂਡਾ ਭੁੱਟ ਗਿਆ ਤਾਂ ਕਿਦਰੇ ਮੂੰਹ ਦੇਨ ਜੋਗੇ ਨਹੀਂ ਰਵ੍ਹਾਂ ਗੇ । ਮੈ ਤਾਂ ਇਸ ਗੱਲ ਤੋਂ ਹੈਰਾਨ ਹਾਂ ਕਿ ਸ਼੍ਰੀ ਗੁਰੂ ਕਲਗੀਧਰ ਜੀ——

ਘਟ ਘਟ ਕੇ ਅੰਤਰ ਕੀ ਜਾਨਤ
ਭਲੇ ਬੁਰੇ ਦੀ ਪੀਰ ਪਛਾਨਤ।

(ਰਹਿਰਾਸ ਚੌਪਈ ਪਾਤਸ਼ਾਹੀ ੧੦)

ਉਹ ਅੰਤਰਜਾਮੀ ਇਸ ਸਮਰਥਾ ਦੇ ਮਾਲਕ ਹਨ, ਫੇਰ ਕਿਓਂ ਅਨਡਿਠ ਕਰ ਰਹੇ ਹਨ ? ਖ਼ਬਰੇ ਇਸ ਵਿੱਚ ਕੀ ਰਾਜ਼ ਹੈ ? ਤੁਸੀ ਏਨ੍ਹੇ ਪਾਪ ਕਰਮ ਕਰ ਰਹੇ ਹੋ, ਉਹ ਮੇਹਰਾਂ ਦੇ ਸਾਈਂ ਪਾਸਾ ਨਹੀਂ ਪਰਤਦੇ, ਤੁਸੀ ਏਹ ਨਾਂ ਸਮਝੋ ਕਿ ਉਨ੍ਹਾਂ ਨੂੰ ਪਤਾ ਨਹੀਂ, ਉਹ ਸਭ ਕੁਝ ਜਾਨਦੇ ਹਨ, ਉਹ

ਅਨ ਬੋਲਤ ਹੀ ਜਾਨਹੁ ਹਾਲ

(ਬਿਲਾਵਲੁ ਮਹਲਾ ੫)

ਪਤੀ ਜੀ ਏਹ ਕੰਮ ਚੰਗਾ ਨਹੀਂ ! ਹਨੇਰ ਸਾਈਂ ਦਾ ਉਹ ਤੁਹਾਨੂੰ ਸੰਗਤਾਂ ਵਿੱਚ ਦਸਵੰਧ ਦੀ ਮਾਯਾ ਇਕਤ੍ਰ ਕਰਨ ਵਾਸਤੇ ਟੋਰਨ ਤੇ ਤੁਸੀ ਉਸ ਮਾਯਾ ਵਿਚੋਂ ਅੱਧ ਭੀ ਆ ਕੇ ਉਨ੍ਹਾਂ ਨੂੰ ਨਾਂ ਦਿਓ ! ਏਹ ਪੂਜਾ ਦਾ ਧਾਨ ਹੈ, ਏਹ ਗੁਰੂ ਦੀ ਗੋਲਕ ਵਿਚ ਹੀ ਪੈਣਾਂ ਚਾਹੀਦਾ ਹੈ, ਹਾਂ ਉਹ ਆਪਣੀ ਹੱਥੀਂ ਜੋ ਕੁਝ ਦੇਣ ਉਹ ਸਾਡੇ ਲਈ ਅੰਮ੍ਰਿਤ ਹੈ, ਇਸਤਰ੍ਹਾਂ ਚੁਰਾ ਛਿਪਾ ਕੇ ਲਿਅਉਣਾਂ ਸਾਡੇ ਵਾਸਤੇ ਜ਼ਹਿਰ ਹੈ।

ਪਤੀ–ਜਾਹ, ਚੁੱਪ ਕਰ ਕੇ ਬੈਠ, ਕਮਲੀ ਨਾਂ ਹੋਵੇ ਤੇ, ਤੈਨੂੰ ਏਨ੍ਹਾਂ ਗੱਲਾਂ ਦਾ ਕੀ ਪਤਾ ਹੋਵੇ ? ਤੂੰ ਸੁਖ ਲੈ

ਤੈਨੂੰ ਇਸ ਗੱਲ ਨਾਲ ਕੀ ਵਾਸਤਾ ?

ਇਸਤ੍ਰੀ–ਪਤੀ ਜੀ ! ਮੈਨੂੰ ਵਾਸਤਾ ਕਿਉਂ ਨਹੀਂ ? ਤੁਹਾਡੀ ਇਜ਼ਤ ਨਾਲ ਮੇਰੀ ਇਜ਼ਤ ਹੈ, ਤੁਹਾਡੇ ਸੁਖ ਨਾਲ ਮੈਨੂੰ ਸੁਖ ਹੈ, ਤੁਹਾਡੇ ਦੁਖ ਨਾਲ ਮੈਨੂੰ ਦੁਖ ਹੈ, ਰੱਬ ਨਾਂ ਕਰੇ ਜੇ ਕੱਲ ਨੂੰ ਤੁਹਾਡੀਆਂ ਏਹ ਗੱਲਾਂ ਜ਼ਾਹਰ ਹੋ ਜਾਨ ਤਾਂ ਫੇਰ ਮੈਨੂੰ ਨਮੋਸ਼ੀ ਨਾਂ ਆਵੇਗੀ ? ਫੇਰ ਸਾਡਾ ਜੀਉਣਾਂ ਕੇਹੜੇ ਲੇਖੇ ਹੈ ? ਤੁਸਾਂ ਸੱਚ ਸਮਝਨਾਂ ਮੈਂ ਦਿਨ ਵਿੱਚ ਕਈ ੨ ਵੇਰੀ ਅਰਦਾਸੇ ਸੋਧਦੀ ਰਹਿੰਦੀ ਹਾਂ ਕਿ ਹੇ ਸਤਿਗੁਰੂ ਸਾਡੀ ਇਜ਼ਤ ਪੱਤ ਬਨੀ ਰਵ੍ਹੇ,—

ਪਤੀ ਜੀ ਇਸ ਬਹੁਤੀ ਮਾਯਾ ਦਾ ਕੀ ਲਾਭ ਹੈ ? ਮੇਰੀ ਤਾਂ ਦਿਨ ਰਾਤ ਜਾਨ ਸਹਿਮੀਂ ਰਹਿੰਦੀ ਹੈ, ਜੇਹੜੀ ਘੜੀ ਲੰਘ ਜਾਂਦੀ ਹੈ ਸ਼ੁਕਰ ਕਰਦੀ ਹਾਂ, ਫੇਰ ਏਹ ਖਿਆਲ ਆਉਂਦਾ ਹੈ ਕਿ ਪਤਾ ਨਹੀਂ ਪ੍ਰਲੋਕ ਵਿੱਚ ਕੀ ਹਾਲਤ ਹੋਵੇਗੀ ? ਇਸ ਲਈ ਅੱਜ ਤੁਸੀ ਮੇਰੀ ਏਹ ਪ੍ਰਾਰਥਨਾਂ ਜ਼ਰੂਰ ਪ੍ਰਵਾਨ ਕਰ ਲਵੋ ਕਿ ਇਸ ਤਰ੍ਹਾਂ ਪੂਜਾ ਦਾ ਧਾਨ, ਗੁਰੂ ਦਰਬਾਰ ਤੇ ਗੁਰਦੁਆਰੇ ਦੀ ਮਾਯਾ ਨਾਂ ਲਿਆਵਿਆ ਕਰੋ,

ਪਤੀ–ਚੱਲ, ਬੱਸ ਕਰ, ਉੱਠ ਰਾਤ ਬਹੁਤ ਸਾਰੀ ਬੀਤ ਗਈ ਹੈ, ਉੱਠ ਕੇ ਸੌਂ, ਫੇਰ ਸਵੇਰੇ ਜਾਗਨਾ ਭੀ ਹੋਵੇਗਾ, ਇਸ ਤਰ੍ਹਾਂ ਦੀਆਂ ਮਤਾਂ ਨਾਂ ਦਿਆ ਕਰ,

ਹੋਰ ਜੋ ਕਹੋ ਅਸੀ ਮੰਨਣ ਵਾਸਤੇ ਤਿਆਰ ਹਾਂ, ਪਰ ਏਹ ਗੱਲ ਸਾਥੋਂ ਨਹੀਂ ਮੰਨੀ ਜਾਣੀ।

ਇਸਤ੍ਰੀ-(ਨੇਤ੍ਰਾਂ ਵਿੱਚ ਗਲੇਡੂ ਭਰ ਕੇ) ਚੰਗਾ, ਸ੍ਵਾਮੀ ਜੀ ਇਸਦਾ ਅੰਤ ਹੱਛਾ ਨਹੀਂ ਹੋਵੇਗਾ, ਮੇਰਾ ਕੰਮ ਬੇਨਤੀ ਕਰਨੀ ਹੈ ਜੇ ਮੰਨ ਜਾਂਦੇ ਤਾਂ ਚੰਗੀ ਸੀ, ਹੱਛਾ ਤੁਹਾਡੀ ਮਰਜੀ।

ਏਨਾਂ ਕਹਿਕੇ ਉਹ ਵਿਚਾਰੀ ਦੇਵੀ ਉੱਠ ਕੇ ਆਪਣੇ ਪਲੰਘ ਉਤੇ ਚਲੀ ਗਈ, ਸੋਚਾਂ ਫਿਕਰਾਂ ਵਿੱਚ ਪਾਸੇ ਪਰ-ਦਿਆਂ ਰਾਤ ਬਿਤਾ ਦਿੱਤੀ, ਪਹਿਰ ਰਾਤ ਰਹਿੰਦੀ ਨਿਤਾਪ੍ਰਤੀ ਦੀ ਤਰ੍ਹਾਂ ਉੱਠ ਕੇ ਸੌਚ ਅਸ਼ਨਾਨ ਤੋਂ ਵੇਹਲਿਆਂ ਹੋ ਕੇ ਨਿਤ ਨੇਮ ਵਿੱਚ ਲੱਗ ਗਈ ਢੇਰ ਚਿਰ ਪਿਛੋਂ ਪਤੀ ਹੋਰੀ ਭੀ ਜਾਗ ਪਏ, ਕਾਹਲੀ ਵਿੱਚ ਨਹਾ ਧੋ ਕੇ ਤਿਆਰ ਹੋ ਗਏ ਇਸਤ੍ਰੀ ਭੀ ਨਿਤ ਦੀ ਬਾਣੀ ਦਾ ਪਾਠ ਕਰ ਚੁੱਕੀ ਸੀ ਪਤੀ ਨਾਲ ਮਿਲ ਕੇ ਸ੍ਰੀ ਗੁਰੂ ਕਲਗੀਧਰ ਜੀ ਦੇ ਦਰਸ਼ਨਾਂ ਲਈ ਦੀਵਾਨ ਵੱਲ ਟੁਰ ਪਈ, ਅੱਗੇ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ, ਸੋਹਣਿਆਂ ਦੇ ਸੁਲਤਾਨ, ਮੇਹਰਾਂ ਦੇ ਦਾਤਾ ਰਮਣੀਕ ਜਹੇ ਸਿੰਘਾਸਨ ਉਪਰ ਸ਼ੋਭਨੀਕ ਹਨ, ਹਜ਼ਾਰਾਂ ਸੇਵਕ ਦੀਵਾਨ ਵਿੱਚ ਸਜੇ ਹੋਏ ਪਿਆਰ ਦੀ ਮਿੱਠੀ ਚਿਤਵਨੀ ਨਾਲ ਪਿਯਾਰੇ ਪ੍ਰੀਤਮ ਵੱਲ ਤੱਕ ਰਹੇ ਹਨ, ਤਿਨਾਂ ਲੋਕਾਂ ਤੋਂ ਨਿਆਰੀ ਸ਼ੋਭਾ ਵਾਲੇ, ਜਾਹੋਜਲਾਲ ਦੀ ਅਲੌਕਿਕ ਪ੍ਰਭਾ ਵਾਲੇ, ਗੁਰਦੇਵ ਦਾਤਾ ਜੀ ਕ੍ਰਿਪਾ ਦ੍ਰਿਸ਼ਟੀ

ਨਾਲ ਸ਼ਾਂਤੀ ਦੀ ਸੀਤਲ ਫੁਹਾਰ ਬਰਸਾ ਰਹੇ ਹਨ, ਏਹ ਦੰਪਤੀ ਜੋੜਾ ਭੀ ਪਹੁੰਚ ਗਿਆ ਦੇਵੀ ਪ੍ਰਨਾਮ ਕਰਕੇ ਇਸਤ੍ਰੀਆਂ ਵਿੱਚ ਜਾ ਬੈਠੀ, ਸ੍ਰੀ ਗੁਰੁ ਗੁਰੂ ਕਲਗੀਧਰ ਜੀ ਪਵਿਤ੍ਰ ਅਤੇ ਅਨੂਠੇ ਦੀਦਾਰੇ ਕਰਕੇ। ਇਸ ਬੀਬੀ ਦਾ ਮਨ ਖਿੜ ਆਇਆ ਨਾਲ ਹੀ ਨੇਤ੍ਰਾਂ ਨੇ ਛਮ ਛਮ ਬਰਖਾ ਲਾ ਦਿੱਤੀ, ਖੁਸ਼ੀ ਤੇ ਗ਼ਮੀ ਦੇ ਚਿੰਨ ਬਨ ਗਏ, ਇਸ ਬੀਬੀ ਦਾ ਪਤੀ ਭੀ ਪ੍ਰਨਾਮ ਕਰਕੇ ਦੀਵਾਨ ਵਿੱਚ ਬੈਠ ਗਿਆ ਘੜੀ ਕੁ ਬੈਠਕੇ ਉੱਠ ਬੈਠਾ, ਦੀਵਾਨ ਵਿਚੋਂ ਬਾਹਰ ਆਨ ਕੇ ਨਵੀਆਂ ਆਈਆਂ ਸੰਗਤਾਂ ਦੇ ਸ੍ਵਾਗਤ ਕਰਨ ਵਿੱਚ ਜਾ ਲੱਗਾ,।

੨)

ਏਹ ਭਾਈ ਸਾਧੂ,ਸ੍ਰੀ ਗੁਰੂ ਕਲਗੀਧਰ ਜੀ ਦਾ ਇੱਕ ਮਸੰਦ ਹੈ, ਇਸ ਦਾ ਮਾਯਾ ਨਾਲ ਬੜਾ ਪਿਆਰ ਹੈ, ਸੰਗਤਾਂ ਕੋਲੋਂ ਕਾਰ ਭੇਟ ਅਰਥਾਤ ਦਸਵੰਧ ਦੀ ਮਾਯਾ ਉਗ੍ਰਾਹਨ ਵਾਸਤੇ ਦੇਸਾਂ ਪ੍ਰਦੇਸਾਂ ਵਿੱਚ ਜਾਇਆ ਕਰਦਾ ਸੀ ਉਸ ਧਰਮ ਅੰਸ਼ ਵਿਚੋਂ ਬਹੁਤ ਸਾਰੀ ਮਾਯਾ ਆਪ ਰੱਖ ਲੈਂਦਾ ਹੁੰਦਾ ਸੀ, ਇਸ ਤਰ੍ਹਾਂ ਇਸਨੇਂ ਢੇਰ ਸਾਰੀ ਮਾਯਾ ਜੋੜ ਕੇ ਜਮਾਂ ਕਰ ਲ਼ਈ ਹੈ, ਜ਼ੁਬਾਨ ਦਾ ਚਤਰ ਹੈ, ਗੱਲਾਂ ਕਰਨ ਵਿੱਚ ਸਿਆਣਾਂ ਹੈ, ਪ੍ਰਕਾਰੀ ਬਹੁਤ ਹੈ, ਇਸ ਪ੍ਰਕਾਰ ਅਧਰਮ ਕਰਦਿਆਂ ਬਹੁਤ ਸਾਰਾ ਚਿਰ ਬੀਤ ਗਿਆ। ਅੰਤ ਨੂੰ ਉਮਰ ਦੇ ਦਿਨ ਪੁੱਗ ਗਏ, ਅੰਤ ਦਾ ਵੇਲਾ ਆ ਗਿਆ, ਸੰਸਾਰ

ਦੀ ਯਾਤ੍ਰਾ ਦੇ ਦਿਨ ਮੁੱਕ ਗਏ, ਵੇਲਾ ਆ ਢੁੱਕਾ, ਹੁਣ ਕੀ ਹੈ ? ਹੁਣ ਭ੍ਰਾਈਸਾਧੂ ਬੀਮਾਰ ਹੈ, ਮੰਜੇ ਉੱਤੇ ਪਿਆ ਹੈ, ਦਿਨੋਂ ਦਿਨ ਥੱਲੇ ਥੱਲੇ ਜਾ ਰਿਹਾ ਹੈ,ਉਸ ਵਿਚਾਰੀ ਇਸਤ੍ਰੀ ਨੇਂ ਬੜੀ ਵਾਹ ਲਾਈ, ਬਤੇਰਾ ਚਾਰਾ ਕੀਤਾ ਪਰ ਕੋਈ ਸਫਲਤਾ ਨਾਂ ਹੋਈ ਓੜਕ ਉਸਦੇ ਪਿਛਲੇ ਪਿੰਡ ਕਾਲ ਝਿਰਾਨੀ ਲੈ ਗਏ, ਫੇਰ ਭੀ ਅਸਾਧ ਬੀਮਾਰੀ ਦੇ ਪੰਜੇ ਵਿਚੋਂ ਨਿਕਲ ਨਾਂ ਸੱਕਿਆ, ਸਭ ਆਸਾਂ ਉਮੈਦਾਂ ਵਿੱਚੇ ਰਹਿ ਗਈਆਂ ਕੁਝ ਦਿਨ ਸਿਸਕ ਕੇ ਚਲਾਣੇ ਦੀ ਤਿਆਰੀ ਕਰ ਲਈ, ਹੁਣ ਸੰਸਾਰ ਤੋਂ ਟੁਰਨ ਲਗਾ ਹੈ, ਸਭ ਕਝ ਰੱਖਿਆ ਰਖਾਇਆ ਰਹਿ ਗਿਆ, ਵੈਦਾਂ ਹਕੀਮਾਂ ਦੇ ਵੇਹ-ਦਿਆਂ ੨ ਹੱਥੋਂ ਨਿਕਲ ਚਲਿਆ ਹੈ, ਬੱਸ, ਘੜੀਕੁ ਲੰਮੇਂ ਸਾਹ ਲੈਕੇ, ਘੋਰੜੂ ਵਜਾ ਕੇ ਠੰਡਾ ਹੋਗਿਆ, ਅੱਖੀਆਂ ਤਾਰੇ ਲੱਗ ਗਈਆਂ, ਮਸ਼ੀਨ ਖਲੋ ਗਈ, ਬੱਸ ਔਹ ਗਿਆ ! ਔਹ ਗਿਆ, ਅਖਵਾਦਾ ਹੋਇਆ ਟੁਰ ਗਿਆ, ਅਜੇਹਾ ਗਿਆ ਕਿ ਮੁੜ ਪਰਤ ਕੇ ਨਾਂ ਆਇਆ ।

ਏਹ ਹੈ ਇਸ ਜ਼ਿੰਦਗੀ ਦਾ ਅੰਤ,ਇਸ ਵੇਲੇ ਨੂੰ ਭੁੱਲ ਕੇ ਏਹ ਜੀਵ ਕੀ ਕੁਝ ਕਰ ਰਿਹਾ ਹੈ ? ਮਾਯਾ ਬੜੀ ਪ੍ਰਬਲ ਹੈ, ਧਿਙਾਣੇ ਦੀ ਮੈ ਮੇਰੀ ਵਿੱਚ ਪੈ ਕੇ ਏਹ ਆਦਮੀ ਕਈ ਪ੍ਰਕਾਰ ਦੇ ਪਾਪ ਅਪ੍ਰਾਧ ਸਹੇੜ ਲੈਦਾ ਹੈ, ਪਰ ਰੱਬ ਨੇਂ ਅਸ਼ਚਰਜ ਖੇਡ ਬਨਾਈ ਹੈ, ਮਨ ਚੰਗਾ ਭਲਾ ਸਮਝਦਾ ਭੀ ਸਭ ਕੁਝ ਹੈ ਪਰ ਫੇਰ ਪ੍ਰਮਾਦ ਵਿਚ ਆਨ ਕੇ ਬੁਰਾਈਆਂ ਵਿੱਚ ਪ੍ਰਵਿਰਤ

ਹੋਨ ਲੱਗਾ ਖੁਸ਼ੀ ਸਮਝਦਾ ਹੈ, ਉਸ ਕਰਤੇ ਨੇ ਅਜੇਹੀਕੋਈ ਮਾਯਾ ਪਾਈ ਹੈ ਕਿ ਇਸ ਜੀਵਨੂੰ ਸੂਝ ਪੈਂਦੀ ਹੀ ਨਹੀਂ ॥

(੩)

ਕਾਲ ਝਿਰਾਣੀ ਦੇ ਚੜ੍ਹਦੇ ਪਾਸੇ ਥੇਹੜੀ ਓਂਸੱਤ ਕੋਹਦੇ ਜੰਗਲ ਵਿੱਚ ਜਾਂਗਲੀ ਜੀਵ ਬਹੁਤ ਸਨ (ਹੁਣ ਤਾਂ ਵਸਤੀਆਂ ਪੈ ਗਈਆਂਹਨ ਪਰ ਪੈਹਲੇ ਬਰ ੨ ਉਜਾੜਹੋਇਆ ਕਰਦੀਸੀ) ਏਥੇ ਇਕੱਲੇ ਦੁਕੱਲੇ ਆਦਮੀ ਦਾ ਜਾਣਾ ਸੌਖੀ ਗੱਲ ਨਹੀਂ ਹੈ, ਇਸ ਭਿਆਵਲੀ ਧਰਤੀ ਵਿੱਚ ਇੱਕ ਸੱਪ ਰਹਿੰਦਾ ਹੈ, ਇਸਨੇ ਕਈਆਂ ਜੀਆਂ ਦਾ ਨੁਕਸਾਨ ਕਰ ਘੱਤਿਆ ਹੈ, ਇਸਨੇ ਅਪਣੇ ਜ਼ਹਿਰੀਲੇ ਡੰਗਾਂ ਦੀ ਇਲਾਕੇ ਵਿੱਚ ਧਾਂਕ ਪਾ ਦਿੱਤੀ ਹੈ, ਇਸਦੇ ਪਿੰਡੇ ਉਤੇ ਕਾਲੀਆਂ ਕਾਲੀਆਂ ਕੌਡੀਆਂ ਹੋਨ ਦੇ ਕਾਰਨ 'ਕਾਲੇ ਨਾਗ' ਦੇ ਨਾਮ ਨਾਲ ਮਸ਼ਹੂਰ ਹੋ ਚੁੱਕਾ ਹੈ ਇਸ ਦੀ ਦਹਿਸ਼ਤ ਬੜੀ ਹੈ ਏਹ ਸੱਪ ਬੜਾ ਤਿੱਖਾ ਤੇ ਫੁਰਤੀਲਾ ਹੈ ਕੁੰਡਲਾਕਾਰ ਬਣ ਕੇ ਬਹਿ ਰਹਿੰਦਾ ਹੈ, ਜਦੋਂ ਕੋਈ ਭੁੱਲਾ ਚੁੱਕਾ ਪਾਂਧੀ ਇਸ ਪਾਸੇ ਆ ਨਿਕਲੇ ਤਾਂ ਇਸਦੀ ਮਾਰ ਕੋਲੋਂ ਬਚਕੇ ਜਾਣਾ ਉਸ ਲਈ ਕਠਿਨ ਹੋ ਜਾਂਦਾ ਹੈ, ਜੇ ਕੋਈ ਨੱਸਨ ਭੱਜਨ ਦਾ ਹੌਸਲਾ ਕਰ ਭੀ ਲਵੇ ਤਾਂ ਏਹ ਉਸਨੂੰ ਨਿਕਲਨ ਨਹੀਂ ਦੇਂਦਾ, ਇਸ ਦੀ ਦੌੜ ਕੁਮਾਲ ਹੈ, ਇੱਕ ਬ੍ਰਿਛਾਂ ਦੀ ਜੁੰਡੀ ਵਿੱਚ ਅਤੇ ਟਾਹਣੀਆਂ ਪੱਤਿਆਂ ਦੇ ਸੰਘੱਟ ਵਿੱਚ ਇਸਨੇ ਅਪਣੀ ਖੁੱਡ

ਬਨਾਈ ਹੋਈ ਹੈ ਪਰ ਆਪਣੀ ਮਸ਼ਹੂਰੀ ਦੇ ਕਾਰਨ ਇਸਨੇ ਇਸ ਸਾਰੀ ਜੰਗਲੀ ਧਰਤੀ ਨੂੰ ਕਿਲੇ ਦੇ ਸਮਾਨ ਬਨਾਇਆ ਹੋਇਆ ਹੈ ।

(੪)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਭੰਡਾਰੇ ਦੇ ਮਾਲਕ ਸ੍ਰੀ ਗੁਰੂ ਕਲਗੀਧਰ ਜੀ ਮਹਾਰਾਜ, ਸ਼ਿਕਾਰ ਲੀਲ੍ਹਾ ਕਰਦੇ ਹੋਏ ਇਸ ਕਾਲ ਝਿਗਣੇ ਦੇ ਜੰਗਲ ਵਿੱਚ ਆ ਨਿਕਲੇ, ਆਪ ਇੱਕ ਸੁੰਦਰ ਘੋੜੇ ਉਪਰ ਅਰੂਢ ਹਨ, ਕੁਝ ਸੇਵਕ ਪਿਛੇ ੨ ਆ ਰਹੇ ਹਨ, ਸਾਰਾ ਸ਼ਿਕਾਰੀ ਠਾਟ ਨਾਲ ਹੈ ਬਾਜ, ਸ਼ਿਕਰੇ ਲਗੜ ਚਰਗ, ਜੁਰਰੇ, ਕੁਹੀ, ਬਹਿਰੀ, ਤੁਰਮਚੀ, ਬਾਂਸੇ ਅਤੇ ਕੁੱਤੇ ਆਦਿਕਾਂ ਨਾਲ ਜਾਂਗਲੀ ਜੀਵਾਂ ਦੀ ਕਲਿਆਣ ਕਰਦੇ ਹੋਏ ਬਾਰਾਂ ਸਿੰਗੇ, ਮੇਢੇ, ਹਰਨ, ਰੋਝ ਝੰਖਾਰ ਸਹੇ, ਕੱਕੜ, ਬਘਿਆੜ, ਭੇਡੀਏ, ਸ਼ੇਰ ਰਿੱਛ ਅਰਣੇ ਆਦਿਕ ਜੀਵਾਂ ਨੂੰ ਮੁਕਤੀ ਦਾ ਦਾਨ ਦੇ ਰਹੇ ਹਨ, ਇਸ ਤਰ੍ਹਾਂ ਸ਼ਿਕਾਰ ਖੇਡਦੇ ਹੋਏ ਜਦ ਆ ਰਹੇ ਹਨ ਤਾਂ ਇਸ ਕਾਲੇ ਨਾਗ ਨੇ ਭੀ ਘੋੜਿਆਂ ਦੇ ਪੈਰਾਂ ਦੀ ਦਗੜ ੨ ਅਵਾਜ਼ ਸੁਣ ਕੇ ਅਪਣਾ ਆਪ ਸੰਭਾਲ ਲਿਆ, ਘਾਹਵਿੱਚੋਂ ਬਾਹਰ ਨਿਕਲ ਕੇ ਸਿਰ ਚੁੱਕ, ਫਣ ਫੈਲਾ, ਇਸ ਨਿਰਾਲੇ ਸ਼ਿਕਾਰੀ ਨੂੰ ਵੇਖ ਲਿਆ, ਏਨੇ ਚਿਰ ਨੂੰ ਉਹ ਦਾਤਾ ਜੀ ਭੀ ਘੋੜਾ ਦੌੜਾ ਕੇ ਨੇੜੇ ਅੱਪੜ ਗਏ, ਏਧਰੋਂ ਇਸ ਕਾਲੇ ਨਾਗ

ਨੇ ਭੀ ਆਪਣਾ ਫਣ ਘੋੜੇ ਜਿੱਨਾਂ ਉੱਚਾ ਕਰ ਲਆ ਤੇ ਐਨ ਸਾਹਮਣੇ ਮੂਹ ਕਰਕੇ ਫੁੰਕਾਰੇ ਮਾਰਨ ਲੱਗਾ ਦੂਸਰੇ ਪਾਸੇ ਵੱਲੋਂ ਉਸ ਰੱਬੀ ਜੋਤ ਗੁਰੂ ਜੀ ਨੇ ਭੀ ਆਪਣਾ ਸ਼ਸਤ੍ਰ ਸੰਭਾਲ ਲਿਆ,ਕੁਝ ਨੇੜੇ ਹੋਕੇ ਪਰਿਹਾਰ ਕਰ ਦਿੱਤਾ ਜਿਸਦਾ ਨਿਸ਼ਾਨਾ ਉਸ ਕਾਲੇ ਸੱਪ ਦੇ ਗੱਲ ਵਿੱਚ ਜਾ ਲੱਗਾ, ਬੱਸ ਫੇਰ ਕੀ ਸੀ ਉਸੇ ਵੇਲੇ ਸਿਰੀ ਸੁੱਟ ਕੇ ਪ੍ਰਿਥਮੀ ਉਤੇ ਡਿੱਗ ਪਿਆ ਐਵੇਂ ਖਿਨਪਲ ਏਧਰ ਓਧਰ ਦੇ ਪਾਸੇ ਮਾਰਕੇ ਤੇ ਵਿਸ ਘੋਲ ਕੇ ਸਦਾ ਦੀ ਨੀਂਦ੍ਰੇ ਸੌਂ ਗਿਆ॥

ਸਿੱਖਾਂ ਸੇਵਕਾਂ ਨੇ ਇਸਦੇ ਕੁੰਡਲ ਤੇ ਕਾਲੀਆਂ ਕੌਡੀਆਂ ਵੇਖ ਕੇ ਆਖਿਆ। ਹੇ ਦਾਤਾ! ਏ ਤਾਂ ਕੋਈ ਬੜਾ ਜ਼ਹਿਰੀ ਸੱਪ ਮਲੂਮ ਹੁੰਦਾ ਹੈ, ਚੋਜੀ ਪ੍ਰੀਤਮ ਜੀ ਹੱਸ ਪਏ ਤੇ ਕਹਿਨ ਲੱਗੇ ਭਾਈ ਸਿੱਖੋ ਏਹ ਸਾਡਾ ਮਸੰਦ ਭਾਈ ਸਾਧੂ ਹੈ, ਇਸਨੇ ਪੂਜਾ ਦਾ ਧਾਨ ਬਹੁਤ ਸਾਰਾ ਜੋੜਿਆ ਸੀ, ਮੇਰੇ ਸਿੱਖਾਂ ਪਿਆਰਿਆਂ ਦੀ ਦਸਵੰਧ ਦੀ ਮਾਯਾਜੇਹੜੀ ਧਰਮ ਪ੍ਰਚਾਰ ਦੇ ਕੰਮਾਂ ਵਿੱਚ ਖਰਚ ਹੋਣੀ ਸੀ ਅਤੇ ਜੇਹੜੀ ਗੁਰੂ ਦੇ ਲੰਗਰ ਵਿੱਚ ਲੱਗਣੀ ਸੀ ਏਹ ਭਾਈ ਸਾਧੂ ਉਸਨੂੰ ਚੁਰਾ ੨ ਕੇ ਰੱਖੀ ਜਾਂਦਾ ਸੀ, ਇਸ ਦੀ ਭਜਨ ਪ੍ਰਤਾਪ ਵਾਲੀ ਇਸਤ੍ਰੀ ਨੇ ਅਰਦਾਸੇ ਸੋਧ ਕੇ ਇਸ ਦੀ ਪਤ ਬਚਾਈ ਰੱਖੀ ਹੈ, ਉਸ ਕਰਮ ਦਾ ਫਲ ਭੋਗਣ ਲਈ ਸਰਪ ਦੀ ਜੂਨ ਵਿੱਚ ਆਇਆ ਸੀ, ਅੱਜ ਇਸ ਜੂਨ ਤੋਂ ਮੁਕਤ ਕੀਤਾ ਹੈ।

ਭਾਈ ਸਿੱਖੋ! ਪੂਜਾ ਦਾ ਪਦਾਰਥ ਵਿਖ ਦੇ ਬਰਾਬਰ

ਹੈ, ਇਸ ਲਈ ਮੇਰੇ ਹਰਇਕ ਸਿੱਖ ਨੂੰ ਏਹ ਬਚਨ ਚੇਤੇ ਰੱਖਨਾਂ ਚਾਹੀਦਾ ਹੈ।

ਰਹਿਤਵਾਨ ਗੁਰੁ ਸਿਖ ਹੈ ਜੋਈ।
ਕਰ ਉਪਾਏ ਧਨ ਖਾਟੇ ਸੋਈ॥
ਤਾਹੀ ਕਰ ਘਰ ਕੋ ਨਿਰਬਹੈ।
ਪੂਜਾ ਭੂਲ ਨ ਕਬਹੂੰ ਗਹੈ॥
ਜੋ ਕੋਈ ਸਿੰਘ ਪੁਜਾਰੀ ਅਹੈ।
ਸੋ ਭੀ ਪੂਜਾ ਬਹੁਤ ਨਾ ਗਹੈ॥
ਤਨ ਨਿਰਬਾਹ ਮਾਤ੍ਰ ਸੋ ਲੇਵੈ।
ਅਧਕ ਹੋਏ ਤੌ ਜਹਿ ਤਹਿੰ ਦੇਵੈ॥
ਜੋ ਪੂਜਾ ਕੋ ਆਪੇ ਖਾਹੀ।
ਧਰਮ ਅਰਥ ਜੜ੍ਹ ਦੇਵੈ ਨਾਹੀਂ॥
ਤਿਨਹਿ ਕਲੇਸ਼ ਹੋਇੰਗੇ ਜੇਈ।
ਤਾਂ ਦੁਖ ਕੋ ਜਾਨੈਗੇ ਸੇਈ॥

(ਰਹਿਤਨਾਮਾ ਕ੍ਰਿਤ ਦੇਸਾਸਿੰਘ ਜੀ)

ਪਿਆਰੇ ਪਾਠਕ ਜੀ!

ਸ੍ਰੀ ਗੁਰੂ ਕਲਗੀਧਰ ਜੀ ਨੇ ਇਸ ਵਾਕ ਦ੍ਵਾਰਾ ਪੂਜਾ ਦਾ ਪਦਾਰਥ ਸਿੱਖ ਲਈ ਮਨਾ ਕੀਤਾ ਹੈ, ਏਥੋਂ ਤਕ ਕਿ ਜੇਹੜੇ ਸਿੰਘ ਪੁਜਾਰੀ ਭੀ ਹਨ ਦਿਨੇ ਰਾਤ ਗੁਰ ਦ੍ਵਾਰੇ ਦੀ ਸੇਵਾ ਕਰਦੇ ਹਨ ਉਨਾਂ ਲਈ ਭੀ ਹੁਕਮ ਹੈ ਕਿ—

"ਤਨ ਨਿਰਬਾਹ ਮਾਤ੍ਰ ਸੋ ਲੇਵੈ"

ਅਰਥਾਤ ਅਪਨੇ ਸਰੀਰ ਦੇ ਨਿਰਬਾਹ ਮਾਤ੍ਰ ਲਈ ਮਾਯਾ ਅੰਗੀਕਾਰ ਕਰੇ ਅਤੇ ਜੇਹੜਾ ਪੁਜਾਰੀ ਜਾਂ ਗ੍ਰੰਥੀ—

ਜੋ ਪੂਜਾ ਕੋ ਆਪੇ ਖਾਹੀਂ।
ਧਰਮ ਅਰਥ ਜੜ੍ਹ ਦੇਵੈ ਨਾਹੀਂ।

ਅਰਥਾਤ ਪੂਜਾ ਨੂੰ ਆਪੇ ਖਾਂਦਾ ਹੈ, ਕਿਸੇ ਧਰਮ ਅਰਥ ਕੰਮਾਂ ਵਿੱਚ ਖਰਚ ਨਹੀਂ ਕਰਦਾ ਉਨ੍ਹਾਂ ਨੂੰ—

ਤਿਨਹਿ ਕਲੇਸ਼ ਹੋਇੰਗੇ ਜੇਈ।
ਤਾਂ ਦਖ ਕੋ ਜਾਨੈਗੇ ਸੇਈ॥

ਅਰਥਾਤ—ਉਨ੍ਹਾਂ ਨੂੰ ਜੇਹੜਾ ਕਲੇਸ਼ ਹੋਵੇਗਾ ਉਸਨੂੰ ਓਹੀ ਜਾਨ ਸੱਕਨਗੇ ਭਾਵ ਉਨ੍ਹਾਂ ਨੂੰ ਬਹੁਤ ਦੁੱਖ ਹੋਵੇਗਾ।

ਸੋ ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਜਦ ਗੁਰਦ੍ਵਾਰੇ ਦੀ ਸੇਵਾ ਕਰਨ ਵਾਲੇ ਗ੍ਰੰਥੀ ਜਾਂ ਪੁਜਾਰੀ ਬਾਬਤ ਏਹ ਹੁਕਮ ਹੈ (ਜੋ ਦਿਨੇ ਰਾਤ ਸੇਵਾ ਕਰਦਾ ਹੈ) ਤਾਂ ਹੋਰ ਦਾ ਤੇ ਕਹਿਨਾਂ ਹੀ ਕੀ ਹੋਇਆ ?

ਇਸ ਪੱਖ ਉਤੇ ਵਿਚਾਰ ਕਰਨ ਲਈ ਜਦ ਪੜਚੋਲ ਕਰੀਏ ਤਾਂ ਬਹੁਤ ਸਾਰੇ ਕਥਨ ਏਸੇ ਭਾਵ ਦੇ ਮਿਲ ਜਾਂਦੇ ਹਨ।

ਜਨਮ ਸਾਖੀ ਭਾਈ ਬਾਲਾ ਜੀ ਵਿੱਚ ਉੱਪਲ ਖਤ੍ਰੀ ਪਰਥਾਏ ਜੋ ਸਾਖੀ ਆਉਂਦੀ ਹੈ ਉਸ ਵਿੱਚ ਭਾਈ ਮਰਦਾਨੇ ਜੀ ਪ੍ਰਤੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਏਸੇ ਭਾਵ ਦਾ ਉਪ-ਦੇਸ਼ ਕਥਿਨ ਕੀਤਾ ਹੈ, ਯੋਗਜ ਪ੍ਰਤੀਤ ਹੁੰਦਾ ਹੈ ਕਿ ਏਥੇ

ਜਨਮ ਸਾਖੀਦੇ ਇਨ ਬਿਨ ਅੱਖਰ ਲਿਖੇਜਾਨ, ਜੋ ਏਹ ਹਨ।

"ਸ੍ਰੀ ਗੁਰੂ ਜੀ ਨੇ ਕਹਿਆ, ਮਰਦਾਨਿਆਂ ਏਹ ਪਦਾਰਥ ਪੂਜਾ ਦਾ ਖਾਣਾ ਐਸਾ ਹੈ ਜੈਸੇ ਵਿਖ ਖਾਧੀ ਪਚਦੀ ਨਹੀਂ, ਅਤੇ ਜੇਹੜਾ ਅੱਠੇ ਪਹਿਰ ਪਰਮੇਸਰ ਦੀ ਬੰਦਗੀ ਕਰੇ, ਰਾਤ ਦਿਨ ਭਗਵੰਤ ਦਾ ਭਜਨ ਕਰਦਾ ਰਹੇ, ਅਤੇ ਵੰਡ ਖਾਏ, ਅਪਨੀ ਤਮਾਂ ਨ ਕਰੇ, ਹਰ ਕੋਈ ਜੀਵ ਜੋ ਆਵੇ ਤਿਸ ਨਾਲ ਖੁਸ਼ੀ ਰਹੇ, ਅਰ ਥੋੜਾ ਅਹਾਰ ਕਰੇ ਤੇ ਸੰਜਮ ਨਾਲ ਰਹੇ ਤਾਂ ਉਸਨੂੰ ਪਚਦਾ ਹੈ, ਜੇਹੜਾ ਭਜਨ ਬੰਦਗੀ ਨਾ ਕਰੇ ਅਤੇ ਪੱਲੇ ਬੰਨ੍ਹੇ ਲਾਲਚ ਹਰ ਚੀਜ਼ ਦਾ ਕਰੇ, ਪੂਜਾ ਦੀ ਚੀਜ਼ ਵੰਡ ਕੇ ਨਾ ਖਾਏ ਉਸਨੂੰ ਵਿਖ ਵਤ ਹੋ ਕੇ ਲਗਦੀ ਹੈ, ਜਿਸ ਤਰ੍ਹਾਂ ਅਗਨਿ ਦਾ ਕੁੰਡ ਬਲਦਾ ਹੋਵੇ ਤੇ ਇੱਕ ਛੰਨਾ ਪਾਣੀ ਦਾ ਉਸ ਵਿੱਚ ਪਾਵੀਏ ਤਾਂ ਉਹ ਪਾਣੀ ਭੀ ਦਗਧ ਹੋ ਜਾਂਦਾ ਹੈ ਅਗਨਿ ਭੀ ਬਲਦੀ ਰਹਿੰਦੀ ਹੈ, ਅਤੇ ਅਗਨਿ ਥੋੜੀ ਹੋਵੇ ਤੇ ਪਾਣੀ ਬਹੁਤ ਪਾਵੀਏ ਤਾਂ ਅਗਨਿ ਸਭ ਬੁਝ ਜਾਂਦੀ ਹੈ, ਤਿਸੀ ਤਰ੍ਹਾਂ ਜੋ ਕੋਈ ਪੂਜਾ ਕਾ ਧਾਨ ਗੁਰੂ ਕੇ ਗੁਰਦੁਆਰਿਆਂ ਕੀ ਮਾਇਆ ਮਿੱਠੀ ਜਾਨ ਕੇ ਚਾਹ ਨਾਲ ਖਾਂਦੇ ਹਨ ਸੋ ਬਹੁਤ ਦੁਖੀ ਹੁੰਦੇ ਹਨ, ਅਤੇ ਉਨ੍ਹਾਂ ਵਾਸਤੇ ਅੱਗੇ ਨਰਕ ਭੀ ਤਿਆਰ ਹੈਂਨ ਤੇ ਇਸ ਲੋਕ ਵਿੱਚ ਭੀ ਦੁੱਖ ਪਾਂਵਦੇ ਹੈਨ"

(ਜਨਮ ਸਾਖੀ ਭਾਈ ਬਾਲਾ ਸਫਾ ੪੦੧)

ਏਸੇ ਤਰ੍ਹਾਂ ਭਾਈ ਸਾਹਿਬ ਭਾਈ ਮਨੀਸਿੰਘ ਜੀ

ਸ਼ਹੀਦ ਕ੍ਰਿਤ ਗਜਾਨ ਰਤਨਾਵਲੀ ਦੀ ਸਤਾਈਸਵੀ ਪੌੜੀ ਦੇ ਟੀਕੇ ਵਿੱਚ ਇਉ ਲਿਖਿਆ ਹੈ ਯਥਾ—

"ਜੇੜ੍ਹੀ ਗੁਰਦੁਆਰੇ ਦੀ ਕੌਡੀ ਹੈ ਸੋ ਬਿਖ ਵਤ ਹੈ, ਅਰ ਓਹ ਕਿਸੇ ਨੂੰ ਨਹੀਂ ਪਚਦੀ ਹੈ, ਪਰ ਅਤਸੈ ਕਰਕੇ ਜੋ ਅਠੈ ਪਹਿਰ ਪਰਮੇਸਰ ਦਾ ਭਜਨ ਕਰੇ ਜੇੜ੍ਹਾ ਭੋਜਨ ਥੋੜ੍ਹਾ ਕਰੇ ਤਾਂ ਉਸਨੂੰ ਪਚਦੀ ਹ ਅਤੇ ਪੂਜਾ ਦੀ ਚੀਜ ਨੂੰ ਬਹੁਤਾ ਪੱਲੇ ਬੰਨ੍ਹ ਲਵੇ ਅਰ ਬਹੁਤ ਖਾਵੇ ਸੁ ਉਸਨੂੰ ਬਿਖ ਵਤ ਹੋ ਭਾਸਦੀ ਹੈ" ।

(ਭਾਈ ਮਨੀ ਸਿੰਘ ਜੀ ਕ੍ਰਿਤ ਗਜਾਨ
ਰਤਨਾਵਲੀ ਟੀਕਾ ਸਤਾਈਸਵੀ ਪੌੜੀ ਕਾ)

ਕ੍ਰਿਪਾਲੂ ਜੀ ! ਏਨ੍ਹਾਂ ਵਾਕਾਂ ਤੋਂ ਆਪ ਸੋਚ ਹੀ ਸਕਦੇ ਹੋ ਕਿ ਪੂਜਾ ਦੇ ਪਦਾਰਥ ਤੋਂ ਸਾਨੂੰ ਕਿਨਾ ਕੂ ਸੰਕੋਚ ਕਰਨਾਂ ਚਾਹੀਦਾ ਹੈ ? ਸ੍ਰੀ ਗੁਰੂ ਕਲਗੀਧਰ ਜੀ ਨੇਂ ਏਥੋਂ ਤੱਕ ਆਖਿਆ ਹੈ, ਯਥਾ—

ਪੰਥ ਰਚਯੋ ਮੈਂ ਧਰਮ ਹਿਤ। ਪੂਜਾ ਦਾਨ ਨ ਖਾਇ ॥
ਲੋਭ ਬੰਧ ਮਾਨਤ ਨਹੀਂ। ਸੂਕਰ ਯੋਨੀ ਪਾਇ ॥
(ਗੁ. ਪ੍ਰ. ਸੂ. ਰੁਤ ੫ ਅ: ੨੪)

ਅਰਥਾਤ–ਜੇਹੜਾ ਲੋਭ ਦੇ ਅਧੀਨ ਹੋਇਆ ੨ ਇਸ ਬਚਨ ਨੂੰ ਨਹੀਂ ਮੰਨਦਾ ਉਹ ਸੂਕਰ (ਸੂਰ) ਦੀ ਜੂਨੀ ਵਿੱਚ ਜਾਂਦਾ ਹੈ।

ਤਥਾ—

ਮੇਰਾ ਸਿੱਖ ਗਰੰਥ ਕੀ, ਪੂਜਾ ਲੇ ਅਰਦਾਸ।
ਲਿਖਖਾਵੈ,ਝੂਠਾ,ਚੁਗਲ,ਸੋਮੇਰਾ ਨਹਿੰਦਾਸ।
ਜੋ ਲੇ ਪੂਜਾ ਦਰਬਕੋ ਦੇਗ ਦੇਇ ਬੰਟ ਖਾਇ।
ਕਰਹਿ ਨ ਮਨ ਮਹਿ ਲੋਭ ਕੋ, ਕਰੈ ਜੁ ਲੈ ਸਜਾਇ॥
(ਗੁ. ਪ੍ਰ. ਸੂ. ਰੁਤ ੫ ਅ: ੩੭)

ਪਾਠਕ ਜੀ! ਪੂਜਾ ਦਾ ਪਦਾਰਥ ਤੇ ਕਿਤੇ ਰਿਹਾ ਸਾਨੂੰ ਤਾਂ ਏਥੋਂ ਤੱਕ ਹੁਕਮ ਹੈ ਕਿ ਗੁਰਦੁਆਰੇ ਵਿੱਚ ਜਾ ਕ ਕੜਾਹ ਪ੍ਰਸ਼ਾਦ ਲਈ ਭੀ ਲਾਲਚ ਨਹੀਂ ਕਰਨਾਂ ਚਾਹੀਦਾ ਉਹ ਭੀ ਥੋੜਾ ਜਿਹਾ ਹੀ ਲੈਣਾਂ ਚਾਹੀਦਾ ਹੈ। ਯਥਾ—

ਧਨ ਪੂਜਾ ਪਰ ਨਹਿ ਲਲਚਾਇ।
ਨਿਤ ਕੜਾਹ ਰੰਚਕ ਲਗ ਖਾਇ॥
(ਗੁ. ਪ੍ਰ. ਸੂ. ਰੁਤ ੩ ਅ: ੫੦)

ਭਾਈ ਸਾਹਿਬ ਭਾਈ ਗੁਰਦਾਸ ਜੀ ਇਸ ਪਜਾ ਪਥਾਏ ਇਸ ਤਰ੍ਹਾਂ ਲਿਖਦੇ ਹਨ।

ਜਿਉਂ ਮਰਜਾਦਾ ਹਿੰਦੂਆਂ। ਗਊ ਮਾਸ ਅਖਾਜ।
* ਮੁੱਸਲਮਾਨਾਂ ਸੂਅਰਹੁ ਸਉਗੰਦ ਵਿਆਜ।

---

*ਜਿਸ ਤਰ੍ਹਾਂ ਮੁਸਲਮਾਨਾਂ ਨੂੰ ਸੂਰ ਤੇ ਵਿਆਜ ਸੁਗੰਧ ਹੈ, ਕੁਰਾਨਸ਼ਰੀਫ਼ ਸੂਰਤ ਬਕਰ, ਪਾਰਾ ਤੀਸਰਾ, ਰੁਕੂ ਪਾਂਚਵੇਂ ਵਿੱਚ ਵਿਆਜ (ਸੂਦ) ਲੈਣੀ ਹਰਾਮ ਲਿਖੀ ਹੈ॥

† ਸਹੁਰਾ ਘਰ ਜਵਾਈਐ ਪਾਣੀ ਮਦਰਾਜ ।
‡ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜ ।
ਜਿਉਂ ਮਿੱਠੈ ਮੱਖੀ ਮਰੈ ਤਿਸ ਹੋਇ ਅਕਾਜ।
?ਤਿਉਂ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜ।
(ਭਾ. ਗੁ. ਦਾ. ਜੀ,ਵਾਰ ੩੫)

ਏਸੇ ਪ੍ਰਕਾਰ ਭਾਈ ਗੁਰਦਾਸ ਜੀ ਕਬਿਤ ਸਵੈਯਾਂ ਵਿੱਚ ਭੀ ਲਿਖਦੇ ਹਨ, ਯਥਾ--

ਜੈਸੇ ਤੌਂ ਅਰੋਗ ਭੋਗ ਭੋਗਵੈ ਨਾਨ੍ਹਾ ਪ੍ਰਕਾਰ,
ਬ੍ਰਿਥਾ ਵੰਤ ਖਾਂਨ ਪਾਨ ਰਿਦੈ ਨ ਹਿਤਾਵਈ।
ਜੈਸੇ ਮਹਿਖੀ ਸਹਿਨ ਸ਼ੀਲ ਕੈ ਧੀਰਜ ਧੁਜਾ,
ਅਜਿਆ ਮੈਂ ਤਨਕ ਕਲੈਜੋ ਨ ਸਮਾਵਈ।
ਜੈਸੇ ਜੌਹਰੀ ਬਸਾਵੈ ਬੇਚੈ ਹੀਰਾ ਮਾਨਕਾਦਿ।
ਰੰਕ ਪੈ ਨ ਰਾਖਜੋ ਪਰੈ ਜੋਗ ਨ ਜੁਰਾਵਈ।
ਤੈਸੇ ਗੁਰ ਪਰਚੇ ਪਵਿਤ੍ਰ ਹੈ ਪੂਜਾ ਪ੍ਰਸਾਦ,
ਅਪਚ ਅਪਰਚੇ ਦੁਸਹਿ ਦੁਖ ਪਾਵਈ॥
(ਕਬਿਤ ਸਵੈਯੇ ਭਾਂ ਗੁ. ਦਾ. ਜੀ)

ਸੱਜਣੋਂ ! ਏਹ ਸਾਡੇ ਲਈ ਸੋਚਨ ਵਾਲੀ ਥਾਂ ਹੈ,

---

†ਸਹੁਰਾ ਜਵਾਈ ਦੇ ਘਰ ਦਾ ਪਾਣੀ ਸ਼ਰਾਬ ਦੇ ਬਰਾਬਰ ਸਮਝਦਾ ਹੈ
‡ਚੂਹੜਾ ਭਾਂਵੇ ਗ੍ਰੀਬ ਭੀ ਹੈ ਪਰ ਫੇਰ ਭੀ ਸਹਿਆ ਨਹੀ ਖਾਦਾ ।
?ਧਰਮਸਾਲ ਦੀ ਝਾਕ ਅਰਥਾਤ ਗੁਰਦ੍ਵਾਰ ਦੀ ਪੂਜਾ ਵੱਲ ਧਿਆਨ ਰੱਖਣਾਂ

ਖਾਸ ਕਰਕੇ ਅੱਜ ਕੱਲ ਜਦੋਂ ਕਿ ਕੁਝ ਗੁਰਦ੍ਵਾਰਿਆਂ ਦਾ ਪ੍ਰਬੰਧ ਪੰਥ ਦੇ ਕਬਜੇ ਵਿੱਚ ਆ ਚੁੱਕਾ ਹੈ ਏਨ੍ਹਾਂ ਗੁਰਦ੍ਵਾਰਿਆਂ ਦੇ ਪ੍ਰਬੰਧ ਲਈ ਜੇਹੜੇ ੨ ਸੱਜਣ ਨਿਯਤ ਹੋ ਚੁੱਕੇ ਹਨ ਜਾਂ ਹੋਣ ਵਾਲੇ ਹਨ ਉਨ੍ਹਾਂ ਦੇ ਦਿੱਲਾਂ ਵਿੱਚ ਇਸ ਪੂਜਾ ਦੇ ਪਦਾਰਥ ਵੱਲੋਂ ਸੰਕੋਚ ਹੋਣਾਂ ਬੜਾਜ਼ਰੂਰੀ ਹੈ,ਉਹ ਆਪਣੇ ਆਪਨੂੰ ਪੂਰੀ ਤਰ੍ਹਾਂ ਸੰਭਾਲ ਕੇ ਰੱਖਣ, ਇਸ ਤਿਲਕਣ ਬਾਜੀ ਵਿੱਚ ਅਡੋਲ ਰਹਿਣ, ਏਨ੍ਹਾਂ ਗੁਰਦ੍ਵਾਰਿਆਂ ਵਿੱਚ ਸੇਵਾ ਕਰਨ ਵਾਲੇ ਜਾਂ ਪ੍ਰਬੰਧ ਕਰਨ ਵਾਲੇ ਉਚੀ ਜ਼ਿੰਦਗੀ ਦੇ ਜੀਵ ਲੋੜੀਦੇ ਹਨ, ਜੇਹੜੇ ਮਾਯਾ ਦੇ ਗੱਫਿਆਂ ਵਿੱਚ ਰਹਿ ਕੇ ਭੀ ਸੇਵਾ ਦੇ ਫਰਜ਼ ਨੂੰ ਨਿਭਾ ਸੱਕਨ ਉਨ੍ਹਾਂ ਦਾ ਮਨ ਅਤੀਤ ਤੇ ਗੰਭੀਰ ਹੋਣਾਂ ਚਾਹੀਦਾ ਹੈ, ਤਾਕਿ ਉਹ ਖੁਲ੍ਹੀ ਆਉਂਦੀ ਮਾਯਾ ਵੇਖਕੇ ਭੀ ਮਨ ਦੀਆਂ ਵਾਗਾਂ ਰੋਕ ਸੱਕਨ, ਏਹ ਪੂਜਾ ਧਰਮ ਪ੍ਰਚਾਰ ਵਿੱਚ, ਲੰਗਰ ਵਿੱਚ, ਦੁਖੀਆਂ ਦੀ ਸਹਾਇਤਾ ਵਿੱਚ ਖਰਚ ਹੋਂਣੀ ਚਾਹੀਦੀ ਹੈ, ਸੇਵਾਦਾਰਾਂ ਦਾ ਨਿਰਬਾਹ ਭੀ ਏਸੇ ਮਾਇਆ ਵਿੱਚੋਂ ਹੋਣਾਂ ਚਾਹੀਦਾ ਹੈ ਉਹ ਨਿਰਬਾਹ ਲਈ ਪ੍ਰਾਪਤ ਕੀਤੀ ਹੋਈ ਮਾਯਾ ਅਮਿਤ ਹੈ ਪਰ ਜੋ ਹੋਰ ਕਿਸੇ ਤਰ੍ਹਾਂ ਲਾਲਚ ਵਿੱਚ ਹੱਥ ਰੰਗਨੇ ਹਨ ਓਹ ਜ਼ਹਿਰ ਹੈ। ਅਸੀ ਓਨ੍ਹਾਂ ਚਿਰ ਏਨ੍ਹਾਂ ਗੁਰਦ੍ਵਾਰਿਆਂ ਦ ਸੱਚਿਆਂ ਅਰਥਾਂ ਵਿੱਚ ਸੁਧਾਰ ਨਹੀ ਕਰ ਸੱਕਾਂ ਗੇ ਜਿਨਾਂ ਚਿਰ ਸਾਡੇ ਦਿਲਾਂ ਵਿੱਚ ਪੂਜਾ ਦੇ ਪਦਾਰਥ ਦਾ ਸੰਕੋਚ ਨਹੀਂ ਹੋਵੇਗਾ ਜੇ ਅਸਾਂ ਇਸ ਗੱਲ ਵੱਲੋਂ ਅਨਗਹਿਲੀ ਕੀਤੀ

ਤਾਂ ਸਨੇ ੨ ਮਹੰਤਾਂ ਵਰਗੇ ਸੁਭਾਵ ਹੋ ਜਾਣਗੇ।

ਜੇ ਤੁਸੀ ਚਾਹੁੰਦੇ ਹੋ ਕਿ ਉਸ ਤਰ੍ਹਾਂ ਦੀ ਨਾਦਰਸ਼ਾਹੀ ਲੁੱਟ ਗੁਰਦ੍ਵਾਰਿਆਂ ਵਿੱਚ ਫੇਰ ਨਾਂ ਪਵੇ ਤਾਂ ਏਹ ਵੇਲਾ ਸੰਭਲਨ ਦਾ ਹੈ, ਇਸ ਵੇਲੇ ਅਨਗਹਿਲੀ ਕੋਲੋਂ ਜਾਂ "ਮੈਨੂੰ ਕੀ" ਕੋਲੋਂ ਕੰਮ ਨਾਂ ਲਿਆ ਜਾਏ, ਇਸ ਵੇਲੇ ਸਿੱਖਮਾਤ੍ਰ ਦਾ ਫ਼ਰਜ ਹੈ ਕਿ ਉਹ ਆਪਿ ਇਸ ਪੂਜਾ ਦੇ ਪਦਾਰਥ ਕੋਲੋਂ ਬਚੇ ਅਤੇ ਦੂਸਰਿਆਂ ਨੂੰ ਬਚਾਨ ਦਾ ਯਤਨ ਕਰੇ, ਜੇ ਅਸੀ ਸੱਚੇ ਦਿਲੋਂ ਬਜ਼ੁਰਗਾ ਦੇ ਪੂਰਨਿਆਂ ਉੱਤੇ ਚੱਲਨ ਦਾ ਯਤਨ ਕਰਦੇ ਰਹੀਏ ਤਾਂ ਸਾਡਾ ਮਨ ਕਦੀ ਭੀ ਡੋਲ ਨਹੀਂ ਸਕਦਾ, ਇਤਹਾਸ ਵਿੱਚ ਲਿਖਿਆ ਹੈ ਕਿ ਸ੍ਰੀ ਗੁਰੂ ਕਲਗੀ ਧਰ ਜੀ ਨੇ ਇਕਵੇਰੀ ਬਚਿੱਤ੍ਰ ਕੌਤਕ ਰਚਿਆ, ਸਤੁਦ੍ਰਵ ਨਦੀ ਦੇ ਕੰਡੇ ਜਾਕੇ ਹੱਥ ਭਰ ਪਾਣੀ ਵਿੱਚ ਪਲੰਘ ਡਹਾ ਲਿਆ ਤੇ ਹੁਕਮ ਕੀਤਾ ਕਿ ਖਜਾਨੇ ਵਿੱਚ ਜਿਨੀ ਵਿਭੂਤੀ ਹੈ ਲੈ ਆਵੋ ਜੋ ਹਜ਼ਾਰਾਂ ਸੇਵਕਾਂ ਨੇ ਸਾਰੇ ਦਿਨ ਵਿੱਚ ਢੋ ਕੇ ਲੈ ਆਂਦੀ ਤਦ ਗੁਰੂ ਜੀ ਨੇ ਸਾਰਾ ਪਦਾਰਥ ਸਤੁਦਵ ਨਦੀ ਵਿੱਚ ਸਟਵਾ ਦਿੱਤਾ ਏਥੋਂ ਤੱਕ ਕਿ ਸੁੱਚੇ ਬਸਤ੍ਰ ਜੇਹੜੇ ਜਰੀ ਬਾਦਲੇ ਨਾਲ ਕਢੇ ਹੋਏ ਸਨ ਉਹ ਭੀ ਸਾੜਕੇ ਉਨ੍ਹਾਂ ਵਿੱਚੋਂ ਸੋਨਾਂ ਕਢਕੇ ਨਦੀ ਵਿੱਚ ਪਵਾਹ ਦਿੱਤਾ ਸ੍ਵਰਨ ਚਾਂਦੀ ਦੇ ਜੇਹੜੇ ਭਾਂਡੇ ਹਨ ਉਹ ਭੀ ਸਮੇਤ ਭੂਸ਼ਣਾਂ ਦੇ ਇਸ ਨਦੀ ਵਿੱਚ ਰੋਹੜ ਦਿੱਤੇ, ਉਸ ਵੇਲੇ ਇੱਕ ਸਿੱਖ ਨੇ ਧਨੁਖ ਦਾ ਚਿੱਲਾ ਸੋਹਣਾਂ ਜਿਹਾ ਵੇਖਕੇ ਲੱਕ ਦੇ ਕਪੜੇ ਵਿੱਚ ਰੱਖ

ਲਿਆ ਤਾਂ ਗੁਰੂ ਜੀ ਨੇ ਕੱਢਵਾ ਕੇ ਉਹ ਭੀ ਨਦੀ ਵਿੱਚ ਸੁੱਟਾ ਦਿੱਤਾ ਅਤੇ —

ਬੋਲੇ ਸੋਢੀ ਕੁਲ ਅਵਤੰਸ਼।
ਇਹ ਸਭ ਪੂਜਾ ਕੀ ਹੈ ਅੰਸ।
ਬਿਖ ਸਮਾਨ ਸਭ ਸਿਖਨ ਕੋ ਹੈ।
ਹੀਨ ਬੀਰਤਾ ਕਰਤੀ ਜੋ ਹੈ।
ਦੋਨੋ ਲੋਕਨ ਕਰਤ ਬਿਗਾਰ।
ਲੇਨ ਹਾਰ ਕੇ ਪੁੰਨ ਨਿਵਾਰ॥
ਜਪ ਤਪ ਐਚ ਲੇਤ ਇਸ ਭਾਇ।
ਪੋਲ ਤੀਲ ਤੇ ਜਲ ਜਿਮ ਜਾਇ।
ਇਤਜਾਦਿਕ ਕੋ ਕਰਹਿ ਬਿਬੇਕ।
ਔਗੁਣ ਇਸਮਹਿ ਲਖੋ ਅਨੇਕ॥

(ਗੁ. ਪ੍ਰ. ਸੂ. ਰੁਤ ੫ ਅ ੨੨)

ਭਾਵ ਏਹ ਕਿ ਕਲਗੀਧਰ ਜੀ ਅਪਣਿਆਂ ਸਿੱਖਾਂ ਨੂੰ ਏਹ ਪੂਜਾ ਦਾ ਪਦਾਰਥ ਨਹੀ ਸਨ ਦੇਨਾ ਚਾਂਹਦੇ ਅਤੇ ਸੰਸਾਰ ਉਤੇ ਏਹ ਇੱਕ ਮਸਾਲ ਕਾਇਮ ਕਰਨੀ ਸੀ ਜਿਸ ਤੋਂ ਸਿਖਯਾ ਲੈਕੇ ਸੇਵਕ ਪੂਜਾ ਦੇ ਪੈਸੇ ਕੋਲੋਂ ਸੰਕੋਚ ਕਰਨ ਦਾ ਸਬਕ ਸਿੱਖ ਸੱਕਨ।

ਏਸੇ ਪ੍ਰਕਾਰ ਦਸਮ ਪਾਤਸ਼ਾਹੀ ਜੀ ਦੇ ਗੁਰ ਬਿਲਾਸ ਵਿੱਚ ਭੀ ਪ੍ਰਸੰਗ ਆਉਂਦਾ ਹੈ ਕਿ ਭੁਖ ਵਿੱਚ ਵਜਾਕੁਲ ਹੋਕੇ ਸਿੱਖਾਂ ਨੇ ਮਾਤਾ ਜੀ ਕੋਲ ਜਾ ਕੇ ਫ਼ਰਿਯਾਦ ਕੀਤੀ,

ਜਦੋਂ ਸ੍ਰੀ ਗੁਰੂ ਕਲਗੀਧਰਜੀ ਮਹਲਾਂ ਵਿੱਚ ਗਏ ਤਾਂ ਮਾਤਾ ਜੀ ਨੇ ਆਖਿਆ ਕਿ ਆਪ ਏਨ੍ਹਾਂ ਸਿੱਖਾਂ ਸੇਵਕਾਂ ਨੂੰ ਖਜਾਨੇ ਵਿਚੋਂ ਮਾਯਾ ਦਿਓ ਤਾਂਕਿ ਏਹ ਭੁੱਖ ਦਾ ਦੁੱਖ ਨਵਿਰਤ ਕਰ ਸੱਕਨ ਤਾਂ ਉਸ ਵੇਲੇ ਸੱਚੇ ਹਿਤਕਾਰੀ ਜੀ ਨੇ

ਸੁਨਤ ਸਭਨ ਕੀ ਬੇਨਤੀ,
ਮਾਤਾ ਜੂ ਹਿਤ ਧਾਰ।
ਅੰਬੁਜ ਸ੍ਰੀ ਮੁਖ ਯੌਂ ਕਹੀ,
ਏਹ ਪੂਜਾ ਦੁਖਕਾਰ।
ਜਯੋਂ ਜਨਨੀ ਨਿਜ ਤਨੁਜ ਕੋ,
ਨਿਰਖ ਜ਼ਹਿਰ ਨਹਿ ਦੇਤ।
ਤਯੋਂ ਪੂਜਾ ਕੀ ਅੰਸ਼ ਯਹਿ,
ਸਰਬ ਦੁਖ ਕੋ ਹੇਤੁ।

ਨਿਰਖ, ਮਾਤਜੂ ਹੋਤ ਪੂਜ ਕੀ ਅੰਸ਼ ਹਲਾਹਲ।
ਅਬ ਇਨਕੋ ਏਹ ਦਿਓਂ, ਪ੍ਰਿਥਮ ਕਰ ਦੀਨੀ ਪਾਹੁਲ।
ਕਹਾਂ ਹੋਗ ਪ੍ਰਤਾਪ ਜਗਤ ਮੈਂ ਕਹੁ ਇਨ ਕੇਰਾ।
ਦਾਰਿਦ੍ਰੀ ਏਹ ਲੋਕ, ਉਤੇ ਹੈ ਨਰਕ ਬਸੇਰਾ।
ਮੁਗਲ ਪਠਾਨ ਦਲਾਂਨ ਸੋਂ, ਤਬ ਲੈ ਹੈਂ ਰਣ ਮੰਡ।
ਉੱਦਮ ਕਰ ਜਬ ਖਾਹਿਗੇ, ਪਾਕ ਭੋਜ ਬਰਡੰਡ।
ਪਾਕ ਭੋਜ ਬਰਬੰਡ, ਦੰਡ ਦੇਹੀ ਅਰਿ ਕਰ ਹੈਂ।
ਤਾਂਕੇ ਆਗੈ ਸ਼ਤ੍ਰੂ, ਕਹੋ, ਕਿਮ ਧੀਰਜ ਧਰ ਹੈਂ ?

ਕਿਰਤ ਬਿਰਤ ਕਰ ਏਕ, ਏਕ ਖਲ ਦਲ ਬਲ ਹਰਣੈ।
ਤ੍ਰਾਹਿ, ਤਾਹਿ ਕਰ ਪਰਗ ਸਿੰਧੁ ਸ਼ਤ੍ਰੂ ਤਿਸ ਸਰਣੈ।
ਖੜਗ ਕੇਤਕਾ ਜਾਨਿਐ, ਮਾਤਾ ਜੀ ਏਹ ਪਾਥ।
ਆਪ ਕ੍ਰਿਪਾ ਨਿਧ ਥਾਪਕੈ ਧਰਜੋ ਸੀਸ ਇਸ ਹਾਥ।
ਧਰਜੋ ਸੀਸ ਇਸ ਹਾਥ, ਜਾਨ ਸ੍ਰੀ ਖੜਗ ਧੁਜਾਧਰ।
ਕਿਤਕ ਜੁੱਧ ਅਰੰ ਬਿਰੁਧ, ਬਨੈਗੋ ਯਾਕੋ ਆਕਰ।
ਭੂਖ ਪਿਆਸ ਅਰੁ ਕਸ਼ਟ ਬਨੈ ਗੋ ਜੌ ਇਸ ਆਈ।
ਬਿਨ ਧੀਰਜ ਕੇ ਧਰੇ ਭੂਮਿ ਕਿਮ ਭੁਗ ਹੈ ਮਾਈ॥
(ਗੁ. ਬਿ. ਪਾਤਸਾਹੀ ੧੦ ਅ: ੧੯)

ਪਾਠਕ ਜੀ !

ਅੱਜ ਉਸ ਸ੍ਰੀ ਗੁਰੂ ਕਲਗੀਧਰ ਜੀ ਮਹਾਰਾਜ ਦਾ ਪਵਿਤ੍ਰ ਜਨਮ ਦਿਹਾੜਾ ਹੈ ਆਪ ਦੇ ਪੂਰਨਿਆਂ ਉੱਤੇ ਚੱਲਨ ਨਾਲ ਹੀ ਗੁਰਪੁਰਬ ਦਾ ਮਨਾਣਾਂ ਸੱਚਿਆਂ ਅਰਥਾਂ ਵਿੱਚ ਸਫਲ ਹੋ ਸਕਦਾ ਹੈ ਇਸ ਲੇਖ ਨੂੰ ਪੜ੍ਹ ਕੇ ਆਪਣੇ ਅੰਦਰ ਵੱਲ ਝਾਤ ਮਾਰੀਏ ਜੇਕਰ ਪੂਜਾ ਦਾ ਪਦਾਰਥ ਸੱਚ ਮੁੱਚ ਵਿਖ ਵਤ ਹੀ ਭਾਸਦਾ ਹੈ ਤਾਂ ਗੁਰਪੁਰਬ ਦਾ ਉਤਸਾਹ ਮੁਬਾਰਕ ਹੈ ਅਤੇ ਜੇਕਰ ਪੂਜਾ ਦਾ ਪਦਾਰਥ ਲੈਣ ਵਾਸਤੇ ਸਾਡਾ ਮਨ ਗੁਰਦ੍ਵਾਰੇ ਜਾਂ ਧਰਮਸਾਲਾ ਦੀ ਝਾਕ ਵਿੱਚ ਹੈ ਫੇਰ ਆਓ ਰਲ ਕੇ ਯਤਨ ਕਰੀਏ ਕਿ ਅੱਜ ਇਸ ਭਾਗਭਰੀ ਪੋਹ ਸ਼ੁਦੀ ਸਪਤਮੀ ਦੇ ਦਿਨ ਤੋਂ ਏਹ ਵਿਸ੍ਵਾਸ ਦ੍ਰਿੜ੍ਹ ਹੋ

ਜਾਏ ਕਿ ਪੂਜਾ ਦਾ ਪਦਾਰਥ ਨਿਜ ਦੀਆਂ ਲੋੜਾਂ ਵਿੱਚ ਵਰਤਨਾ ਪਾਪ ਹੈ ਏਹ ਧਰਮ ਪ੍ਰਚਾਰ ਵਿੱਚ ਗੁਰਦੁਆਰੇ ਦੀ ਸੇਵਾ ਵਿੱਚ ਦੇਗ ਤੇਗ ਵਿੱਚ ਹੀ ਖਰਚ ਹੋਣਾ ਚਾਹੀਦਾ ਹੈ ਏਹ ਗੱਲ ਚੰਗੀ ਤਰ੍ਹਾਂ ਪੱਲੇ ਬੰਨ੍ਹ ਲਵੋ ਕਿ ਇਸ ਗੱਲ ਉਤੇ ਅਮਲ ਕਰਨ ਤੋਂ ਬਿਨਾ ਗੁਰਦੁਆਰਿਆਂ ਦਾ ਸੱਚਾ ਸੁਧਾਰ ਹੋ ਹੀ ਨਹੀ ਸੱਕਦਾ।

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਹ ॥

"ਜ਼ਰੂਰੀ ਬੇਨਤੀਆਂ"

(੧) ਗੁਰਮਤ ਟ੍ਰੈਕਟ ਸੋਸਾਇਟੀ ਦੀ ਅੰਤ੍ਰੰਗ ਕਮੇਟੀ ਨੇਫੈਸਲਾ ਕੀਤਾ ਹੋਇਆ ਹੈ ਕਿ ਜੇੜੀ ਮਾਯਾ ਬਾਹਰੋਂ ਸਹਾਇਤਾ ਵਲੋਂ ਆਵੇ ਉਸ ਨਾਲ ਲੋੜ-ਵੰਦ ਸਜਨਾ ਨੂੰ ਅਧੀ ਕੀਮਤ ਤੇ ਟ੍ਰੈਕਟ ਜਾਰੀ ਕੀਤੇ ਜਾਯਾ ਕਰਨ ਅਤੇ ਇਸ ਤਰਾਂ ਨਾਲ ਬਹੁਤ ਸਾਰੇ ਆਦਮੀਆਂ ਨੂੰ ਹੁਨ ਤਕ ਟ੍ਰੈਕਟ ਜਾਰੀ ਕੀਤੇ ਜਾ ਚੁਕੇ ਹੈਨ, ਦਾਨੀ ਸਜਨਾ ਦੀ ਸੇਵਾ ਵਿੱਚ ਬੇਨਤੀ ਹੈ ਕਿ ਸ਼ੁਭ ਕਾਰਜਾਂ ਸਮੇ ਇਸ ਸੋਸਾਇਟੀ ਨੂੰ ਖਾਸ ਕਰਕੇ ਚੇਤੇ ਰਖਕੇ ਸਹਾਇਤਾ ਭੇਜਨੀ ਚਾਹੀਦੀ ਹੈ ਅਤੇ ਇਸ ਤਰ੍ਹਾਂ ਨਾਲ ਪ੍ਰਚਾਰ ਵਿੱਚ ਹਥ ਵਟਾਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ।

(੨) ਲਿਖਾਰੀਆਂ ਦੀ ਸੇਵਾ ਵਿੱਚ ਖਾਸ ਕਰਕੇ ਬੇਨਤੀ ਹੈ ਕਿ ਸੋਸਾਇਟੀ ਨੂੰ ਲੇਖ ਭੇਜਕੇ ਆਪਨੀ ਮੇਹਨਤ ਸੁਫਲ ਕਰਨ।

(੩) ਜਿਨ੍ਹਾਂ ਸਜੱਨਾਂ ਦੇ ਚੰਦੇ ਖਤਮ ਹੋ ਜਾਨ ਓਹ ਕ੍ਰਿਪਾ ਕਰਕੇ ਆਪਨੇ ਆਪ ਹੀ ਭੇਜ ਦਿਤਾ ਕਰਨ।